Weekly

# CANADA SIKH TIMES

1-7 February 2026 | ਕੈਨੇਡਾ ਸਿੱਖ ਟਾਈਮਜ਼ | Volume 4 Issue 5

• RELIGION • CULTURE • HERITAGE • BUSINESS

## ਸਿੱਖ ਮਾਸਟਰ ਐਥਲੀਟਸ ਨੇ ਰੀਨੋ ’ਚ ਸੋਨ ਤਮਗੇ ਜਿੱਤ ਕੇ ਨਾਮ ਕੀਤਾ ਰੌਸ਼ਨ



ਫਰਿਜ਼ਨੋ ਦੀ ਸਿੱਖ ਕੌਮ ਲਈ ਇਹ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਤਿੰਨ ਸਿੱਖ ਮਾਸਟਰ ਐਥਲੀਟਸ ਰਣਧੀਰ ਸਿੰਘ ਵਿਰਕ, ਗੁਰਬਖਸ਼ ਸਿੰਘ ਸਿੱਧੂ ਅਤੇ ਸੁਖਨੈਨ ਸਿੰਘ ਨੇ USATF ਵੈਸਟ ਅਤੇ ਨਾਰਥਵੈਸਟ ਰੀਜਨ ਮਾਸਟਰਜ਼ ਅਤੇ USATF ਪੈਸਿਫ਼ਿਕ ਐਸੋਸੀਏਸ਼ਨ ਇੰਡੋਰ ਮੀਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ-ਆਪਣੇ ਇਵੈਂਟਸ ਵਿੱਚ ਸੋਨੇ ਦੇ ਤਮਗੇ ਜਿੱਤ ਕੇ ਸਿੱਖ ਕੌਮ ਦਾ ਨਾਮ ਰੌਸ਼ਨ ਕੀਤਾ ਹੈ। ਇਹ ਮੁਕਾਬਲਾ ਰੀਨੋ ਕਨਵੈਨਸ਼ਨ ਸੈਂਟਰ, ਨੇਵਾਡਾ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਅਮਰੀਕਾ ਦੇ ਕਈ ਰਾਜਾਂ ਤੋਂ ਆਏ ਤਜ਼ਰਬੇਕਾਰ ਮਾਸਟਰ ਐਥਲੀਟਸ ਨੇ ਹਿੱਸਾ ਲਿਆ। ਫਰਿਜ਼ਨੋ ਦੇ ਇਨ੍ਹਾਂ ਤਿੰਨ ਖਿਡਾਰੀਆਂ ਨੇ ਆਪਣੀ ਲਗਨ, ਅਨੁਸ਼ਾਸਨ ਅਤੇ ਸਖ਼ਤ ਮਿਹਨਤ ਨਾਲ ਇਹ ਸਾਬਤ ਕੀਤਾ ਕਿ ਉਮਰ ਕਦੇ ਵੀ ਕਾਮਯਾਬੀ ਲਈ ਰੁਕਾਵਟ ਨਹੀਂ ਬਣਦੀ।

## 18-Year-Old Earns Rs 6L a Month from Dairy, Stays in Punjab



While many teenagers in Punjab aspire to study or settle abroad, 18-year-old Sohalpreet Singh Sidhu from Sehna village in Barnala has chosen a different path. Turning away from IELTS coaching and foreign education, Sohalpreet is earning Rs 5–6 lakh per month through his largely buffalo-based dairy farm. Son of Balbir Singh Sidhu, he is reinvesting most of his income to expand and modernise his enterprise. A Class 12 pass through open schooling, Sohalpreet now plans to pursue a veterinary course to strengthen his practical knowledge. He believes real success lies in building sustainable businesses at home rather than migrating abroad, setting an inspiring example for rural youth in Punjab.


## Chasing Borders, Ignoring Reality



For years, sending young children abroad has been seen as the ultimate dream. Canada, America, Australia, and New Zealand were imagined as lands of easy opportunity and guaranteed success. That picture no longer matches reality. Governments today are not soft-hearted. Policies are tightening, immigration rules are stricter, and priority is increasingly being given to native populations over migrants. What this really means is that families are investing lakhs of rupees in a future that is uncertain, stressful, and often emotionally draining for their children. Many students struggle with isolation, financial pressure, cultural shock, and limited job security. The promise of a better life is frequently replaced by years of survival. A country is, in the end, just a place. Success does not come from geography. It comes from dedication, skill, and the courage to work hard. If these qualities are present, a young person can build a meaningful life in their own country as well. Opportunities exist everywhere for those who are willing to learn, adapt, and take responsibility. Migration should be a conscious choice, not a social obsession or status symbol. Before spending huge amounts of money, families must ask a simple question: are we investing in growth, or running after an illusion? The future of our youth depends not on borders, but on confidence, competence, and self-belief.

**- Chief Editor**

# DESH VIDESH




## ਸਰਬਤ ਦਾ ਭਲਾ

– ਸਰਦਾਰਨੀ ਸ਼ਰਨਜੀਤ ਕੌਰ (ਰਾਜਸਥਾਨ)

ਸੰਸਾਰ ਵਿੱਚ ਤਿੰਨ ਤਰ੍ਹਾਂ ਦੇ ਲੋਕ ਹਨ: ਇਕ ਉਹ ਜੋ ਸਰਬੱਤ ਦਾ ਭਲਾ ਮੰਗਦੇ ਹਨ; ਦੂਜੇ ਉਹ ਜੋ ਕੇਵਲ ਆਪਣਾ ਭਲਾ ਮੰਗਦੇ ਹਨ ਅਤੇ ਤੀਜੇ ਉਹ ਜੋ ਆਪਣਾ ਭਲਾ ਤਾਂ ਮੰਗਦੇ ਹਨ ਅਤੇ ਦੂਜਿਆਂ ਦਾ ਬੁਰਾ ਲ ਉਹਨ੍ਹਾ ਨੂੰ ਦੂਜਿਆਂ ਦਾ ਬੁਰਾ ਚਿਤਵਨ ਵਿਚ ਸੁਆਦ ਆਉਂਦਾ ਹੈ, ਖੁਸ਼ੀ ਪ੍ਰਾਪਤ ਹੁੰਦੀ ਹੈ ਲ ਇਨ੍ਹਾਂ ਤਿੰਨਾਂ ਸ਼੍ਰੇਣੀਆਂ ਚੋਂ ਓਹੀ ਲੋਕ ਮਹਾਨ ਤੇ ਪੂਜਣਯੋਗ ਹਨ ਜੋ ਸਭ ਦਭਲਾ ਲੋਚਦੇ ਹਨ ਉਨ੍ਹਾਂ ਦਾ ਕਦੇ ਬੁਰਾ ਨਹੀਂ ਹੁੰਦਾ। ਇੱਥੋਂ ਤਕ ਕਿ ਧਰਮ ਚਿੰਤਕਾਂ ਨੇ ਉਸੇ ਨੂੰ ਸਹੀ ਤੇ ਸਾਰਥਕ ਅਰਦਾਸ ਮੰਨਿਆ ਹੈ ਜੋ ਸਰਬੱਤ ਦੇ ਭਲੇ ਤੇ ਸੁੱਖ ਸ਼ਾਂਤੀ ਲਈ ਕੀਤੀ ਜਾਵੇ ਯੂਨਾਨ ਦਾ ਮੋਢੀ ਫਿਲਾਸਫਰ ਸੁਕਰਾਤ ਆਖਦਾ ਹੈ ਕਿ ਸਾਡੀ ਅਰਦਾਸ ਆਮ ਰੱਬੀ ਬਖਸ਼ਿਸ਼ਾਂ ਲਈ ਹੋਣੀ ਚਾਹੀਦੀ ਹੈ,ਨਾ ਕਿ ਨਿੱਕੀਆਂ ਨਿੱਕੀਆਂ ਨਿੱਤ ਦੀਆਂ ਨਿੱਜੀ ਲੋੜਾਂ ਲਈ ਸਿੱਖ ਅਰਦਾਸ ਦਾ ਜਿੱਥੇ ਆਰੰਭ ਬੇ- ਨਜ਼ੀਰ ਹੈ ਉੱਥੇ ਅੰਤ ਵੀ ਬਾ-ਕਮਾਲ ਹੈ, ਅਦੁੱਤੀ ਹੈ ਲ ਇਸ ਪ੍ਰਾਰਥਨਾ ਦੇ ਅੰਤ ਵਿਚ 'ਸਰਬੱਤ ਦੇ ਭਲੇ ਦੀ ਲੋਚਾ ਹੈ ਸਭ ਲ ਈ ਸੁੱਖ-ਸ਼ਾਂਤੀ ਮੰਗੀ ਗਈ ਹੈ। ਇਉਂ ਹੋਵੇ ਵੀ ਕਿਉਂ ਨਾ, ਜਦ ਕਿ ਬਾਬਾ ਨਾਨਕ ਸਭ ਦਾ ਸਾਂਝਾ ਹੈ ਅਤੇ ਸਾਰੇ ਬਾਬੇ ਦੇ ਆਪਣੇ ਹਨ। ਗੁਰਬਾਣੀ ਇਸ ਤੱਥ ਇਉਂ ਸਾਖੀ ਭਰਦੀ ਹੈ: ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥ (੭੨)

ਦੂਜਿਆਂ ਦੇ ਭਲੇ ਦੀ ਚਾਹਨਾ ਤੇ ਅਰਦਾਸ ਕਰਨ ਵਾਲਾ ਉਹਨਾਂ ਵਿਰੁੱਧ ਕਿਸੇ ਪ੍ਰਕਾਰ ਦੀ ਮੰਦੀ ਭਾਵਨਾ ਨਹੀਂ ਰੱਖ ਸਕਦਾ। ਉਹਨਾਂ ਦੇ ਵਿਰੁੱਧ ਜੋਰ, ਜੁਲਮ, ਧਕਾ ਤੇ ਲੁੱਟ-ਘਸੁਟ ਕਿਵੇਂ ਕਰ ਸਕਦਾ ਹੈ? ਗੁਰਬਾਣੀ ਵਿੱਚ ਗੁਰਦੇਵ ਇਸ ਦੈਵੀ ਭਾਵਨਾ ਦੀ ਇਉਂ ਵਿਆਖਿਆ ਕਰਦੇ ਹਨ: ਸਭੁ ਕੋ ਮੀਤੁ ਹਮ ਆਪਣ ਕੀਨਾ ਹਮ ਸਭਨਾ ਕੇ ਸਾਜਨ ਲਲ॥ (ਪੰਨਾ ੬੭੧) ਬਿਸਰਿ ਗਈ ਸਭ ਤਾਤਿ ਪਰਾਈ ਲਲ ਜਬ ਤੇ ਸਾਧਸੰਗਤਿ ਮੋਹਿ ਪਾਈ ਲਲ ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ਲਲ (ਪੰਨਾ ੧੨੯੯)

ਵੰਨਗੀ ਵਜੋਂ ਪ੍ਰਾਪਤ ਇਨ੍ਹਾਂ ਪ੍ਰਮਾਣਾਂ ਤੋਂ ਇਕ ਹੋਰ ਅਹਿਮ ਨੁਕਤਾ ਵੀ ਸਪਸ਼ਟ ਹੋ ਜਾਂਦਾ ਹੈ ਕਿ ਕੇਵਲ ਓਹੀ ਵਿਅਕਤੀ ਰੱਬ ਦੀ ਮਖਲੂਕ ਮਿੱਤਰ ਪਿਆਰਾ ਸਮਝ ਕੇ,ਸਭ ਦੇ ਭਲੇ ਲਈ ਅਰਦਾਸ ਕਰ ਸਕੇਗਾ, ਜੋਰ ਸਾਰਿਆਂ ਵਿੱਚ ਇੱਕ ਠਾਕੁਰ, ਪ੍ਰਭੂ ਵਿਆਪਕ ਵੇਖੇਗਾ, ਉਸ ਇੱਕੋ ਸਭ ਦਾ ਮਾਤਾ -ਪਿਤਾ ਤੇ ਕਰਤਾ-ਹਰਤਾ ਜਾਣੇਗਾ ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ 'ਵਿੱਚ ਪ੍ਰਪੱਕ ਵਿਸ਼ਵਾਸ ਰੱਖੇਗਾ। ਜਦ ਕਦੀ ਏਹ ਬਾਹਰੋਂ ਚਤੁਰ, ਵਿਗਿਆਨੀ, ਮੁਖਗਿਆਨੀ, ਪਰ ਅੰਦਰੋਂ ਖੋਖਲੀ, ਅਭਿੱਜ ਤੇ ਕੋਰੀ ਦੁਨੀਆਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਉਪ੍ਰੋਕਤ ਅਮੁੱਲ ਸੁਖਨਾ ਦਾ ਰਹੱਸ ਦਿਲ ਤੇ ਦਿਮਾਗ ਕਰਕੇ, ਜਾਣ ਲਵੇਗੀ ਤਾਂ ਹਰੇਕ ਵਿਅਕਤੀ ਸਭ ਦਾ ਭਲਾ ਮੰਗੇਗਾ ਤੇ ਭਲਿਆਂ ਦੀ ਦੁਨੀਆਂ ਵਿੱਚ ਜਾਤ, ਜਨਮ,ਨਸਲ,ਕੌਮ ਤੇ ਦੇਸ਼ ਦੇ ਵਿਤਕਰੇ ਆਪਣੇ ਆਪ ਖਤਮ ਹੋ ਜਾਣਗੇ ਅਤੇ ਮੈਤਰੀ ਭਾਵ 'ਬੇਗਮ ਪੁਰੇ' ਵਿੱਚ ਬਦਲ ਜਾਵੇਗਾ ਲ ਸਵਾਲ ਇਹ ਹੈ ਕਿ ਕੂੜ ਕੁਸਤ ਤੇ ਸਵਾਰਥ ਦੀ ਦੁਨੀਆਂ ਐਸੇ ਸੁਰਗ ਵਿਚ ਬਦਲਣ ਦਾ ਬੀੜਾ ਕੌਣ ਚੁੱਕੇ? ਉੱਤਰ ਸਾਫ ਤੇ ਸਪਸ਼ਟ ਹੈ ਕਿ ਇਹ ਕਾਰਜਾਂ ਦਾ ਕਾਰਜ ਕੇਵਲ ਸ੍ਰੀ ਦਸ਼ਮੇਸ਼ ਜੀ ਦਾ 'ਖਾਸ ਰੂਪ ਖਾਲਸ' ਹੀ ਸਰੰਜਾਮ ਦੇ ਸਕਦਾ ਹੈ, ਲੋਭੀ, ਲੰਪਟ, ਕਾਮੀ, ਕਪਟੀ ਤੇ ਹਉਮੈ ਗ੍ਰਸਤ ਲੋਕਾਂ ਦਾ ਟੋਲਾ ਨਹੀ ਲ ਗਲ ਕੇਵਲ ਸਰੂਪ ਦੀ ਨਹੀਂ, 'ਖਾਲਸਾਈ' ਗੁਣਾ ਦੀ ਹੈ ਵੇਖੀਏ! ਸਾਂਈ ਦਾ ਗੁਰਮੁਖ ਪਹਿਲਵਾਨੜਾ ਕਦੋਂ 'ਬਾਣੀ ਤੇ ਬਾਣੇ' ਨਾਲ ਲੈਸ ਹੋ ਕੇ ਮੈਦਾਨ ਵਿੱਚ ਉਤਰਦਾ ਹੈ! ਚੇਤੇ ਰਹੇ:




ਮੁਸਾਫ਼ਿਰ ਸਬ ਕੋ ਉਠਤੇ ਹੈਂ ਜੋ ਜਾਣਾ ਦੂਰ ਹੋਤਾ ਹੈ
ਭਾਵ ਕਿ ਸਰਘੀ ਵੇਲੇ ਜਾਗਣ ਪਾਂਧੀ, ਵਾਟ ਜਿਨ੍ਹਾਂ ਦੀ ਲੰਬੀ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ

## ਯੂਰਪ 'ਚ ਸੋਸ਼ਲ ਮੀਡੀਆ ਖ਼ਿਲਾਫ਼ ਲਹਿਰ ਨੇ ਫੜਿਆ ਜ਼ੋਰ



ਬੱਚਿਆਂ ਨੂੰ ਮੋਬਾਈਲ ਅਤੇ ਸੋਸ਼ਲ ਮੀਡੀਆ ਦੀ ਆਦਤ ਤੋਂ ਬਚਾਉਣ ਲਈ ਯੂਰਪ ਹੁਣ ਆਰ-ਪਾਰ ਦੀ ਲੜਾਈ ਦੇ ਮੂਡ 'ਚ ਹੈ। ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਸਾਫ਼ ਕਿਹਾ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪੂਰੀ ਤਰ੍ਹਾਂ ਰੋਕ ਲਾਉਣ ਦੀ ਦਿਸ਼ਾ 'ਚ ਕਦਮ ਵਧਾਏ ਜਾ ਰਹੇ ਹਨ। ਗ੍ਰੀਸ ਵੀ ਇਸੇ ਤਰਜ਼ 'ਤੇ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਪਾਬੰਦੀ ਦੇ ਐਲਾਨ ਦੇ ਕਰੀਬ ਹੈ। ਯੂਰਪੀਅਨ ਨੇਤਾਵਾਂ ਦਾ ਕਹਿਣਾ ਹੈ ਕਿ ਅੱਜ ਦਾ ਇੰਟਰਨੈੱਟ ਬੱਚਿਆਂ ਲਈ 'ਡਿਜੀਟਲ ਜੰਗਲ' ਬਣ ਚੁੱਕਾ ਹੈ, ਜਿੱਥੇ ਨਾ ਤਾਂ ਕੋਈ ਹੱਦ ਹੈ ਅਤੇ ਨਾ ਹੀ ਸੁਰੱਖਿਆ। ਸਰਕਾਰਾਂ ਮੰਨਦੀਆਂ ਹਨ ਕਿ ਹੁਣ ਬੱਚਿਆਂ ਨੂੰ ਸਿਰਫ਼ ਮਾਪਿਆਂ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ। ਬ੍ਰਿਟੇਨ ਅਤੇ ਫਰਾਂਸ ਪਹਿਲਾਂ ਹੀ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸ਼ਿਕੰਜਾ ਕੱਸਣ ਦੇ ਸੰਕੇਤ ਦੇ ਚੁੱਕੇ ਹਨ। ਆਸਟ੍ਰੇਲੀਆ ਤਾਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਕਾਨੂੰਨੀ ਰੋਕ ਲਾਉਣ ਵਾਲਾ ਦੁਨੀਆ ਦਾ ਪਹਿਲਾ ਦੇਸ਼ ਬਣ ਚੁੱਕਾ ਹੈ। ਟਿਕਟਾਕ, ਇੰਸਟਾਗ੍ਰਾਮ, ਸਨੈਪਚੈਟ ਅਤੇ ਐਕਸ ਵਰਗੇ ਪਲੇਟਫਾਰਮਾਂ 'ਤੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਹੋ ਰਹੇ ਹਨ। ਯੂਰਪੀਅਨ ਯੂਨੀਅਨ ਦਾ 'ਡਿਜੀਟਲ ਸਰਵਿਸਿਜ਼ ਐਕਟ' ਕੰਟੈਂਟ ਮੋਡਰੇਸ਼ਨ ਨੂੰ ਲਾਜ਼ਮੀ ਕਰਦਾ ਹੈ ਪਰ ਆਲੋਚਕਾਂ ਦਾ ਕਹਿਣਾ ਹੈ ਕਿ ਕੰਪਨੀਆਂ ਹਾਲੇ ਵੀ ਜ਼ਿੰਮੇਵਾਰੀ ਤੋਂ ਬਚ ਰਹੀਆਂ ਹਨ। ਯੂਰਪ ਦੀ ਇਸ ਸਖ਼ਤੀ ਤੋਂ ਬਾਅਦ ਸਵਾਲ ਉੱਠ ਰਿਹਾ ਹੈ ਕਿ ਕੀ ਭਾਰਤ ਵਰਗੇ ਦੇਸ਼ਾਂ ਵਿਚ ਵੀ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਸਖ਼ਤ ਕਾਨੂੰਨ ਬਣੇਗਾ, ਜਾਂ ਡਿਜੀਟਲ ਆਜ਼ਾਦੀ ਦੇ ਨਾਂ 'ਤੇ ਖ਼ਤਰੇ ਇੰਝ ਹੀ ਵਧਦੇ ਰਹਿਣਗੇ?

# HERITAGE

## A Century of Service: Sikh Architects of Indian Banking




A new book released in the national capital this week sheds light on the often-overlooked yet significant role of Sikhs in shaping India's banking culture through ethics, service and institution-building. Authored by Gurmit Singh, a retired Chief Manager of Punjab & Sind Bank and founding member of the Guru Gobind Singh Study Circle, the book is titled *Sikhs in Banking: The Legacy of Trust, Excellence and Economic Impact in India and Beyond.*

The 338-page illustrated volume presents a comprehensive account of Sikh engagement with banking in India and overseas, linking spiritual philosophy with economic life. Launched in the presence of senior public figures, diplomats and members of the Sikh community, the book positions banking not merely as a commercial activity but as a form of social enterprise rooted in moral responsibility. Drawing from the Sri Guru Granth Sahib, it highlights core Sikh principles such as *Kirat Karni* (honest labour), *Vand Chakna* (sharing) and *Sewa* (selfless service) as ethical foundations of professional conduct.

The book traces Sikh economic administration from historical figures like Baba Banda Singh Bahadur and Maharaja Ranjit Singh to modern institutions, noting early systems of fair taxation, disciplined governance and monetary sovereignty reflected in Nanakshahi and Gobindshahi coinage. A major section focuses on Punjab & Sind Bank, founded in 1908, described as the cradle of Sikh bankers and a landmark of economic self-reliance.

It also profiles nearly 40 eminent Sikh bankers from India and abroad and documents their contributions beyond finance, including education, healthcare and disaster relief. Dedicated to the 350th martyrdom anniversary of Guru Tegh Bahadur, the book argues that ethical, values-driven banking remains vital in an era of declining public trust in financial institutions.

## Air Marshal Tejbir Singh Appointed DG (Inspection & Safety)



Air Marshal Tejbir Singh has been appointed as the new Director General (Inspection & Safety) at Air Headquarters, RCDS, taking charge of a key role in maintaining operational standards and flight safety in the Indian Air Force. He succeeds Air Marshal M.B. Ranade. With over 37 years of distinguished service, Air Marshal Tejbir Singh is an experienced C-130J aircraft specialist and has logged more than 7,000 flying hours. Known for his professional excellence and leadership, he has held several important command and staff appointments during his career. His new role places him at the centre of safety oversight and inspection across the IAF, a critical responsibility in ensuring mission readiness and airworthiness of India's air operations.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. The principle of "Sarbat da Bhala" encourages Gurdwara funds to be used for:**

A. Only local prestige projects
B. Welfare of all humanity, especially education and upliftment
C. Elite community interests
D. Symbolic monuments

**2. Who ultimately owns the funds collected in a Gurdwara?**

A. The Gurdwara committee
B. The Head Granthi
C. The Sikh Sangat (community)
D. Government authorities

**3. Which of the following best reflects Sikh values?**

A. Gold palaces with limited social impact
B. Large buildings with minimal education support
C. Schools, scholarships, healthcare, and youth development
D. Excessive focus on appearances

(ਦੇਖੋ ਉੱਤਰ ਪੰਨਾ 4 'ਤੇ)

# ਪੰਜਾਬੀ ਦੇ ਹਾਲਾਤ



– ਪ੍ਰੀਤੀ ਕਪੂਰ, ਉਦੈਪੁਰ (ਰਾਜਸਥਾਨ)

ਕਲ ਮੈਨੂੰ ਰਾਹ ਚੱਲਦਿਆਂ ਮਿਲ ਗਈ ਪੰਜਾਬੀ।
ਨਾ ਓਹਦੇ ਸਿਰ ਤੇ ਚੁੰਨੀ ਸੀ ਨਾ ਪੈਰਾਂ ਵਿੱਚ ਗੁਰਗਾਬੀ।

ਮੈਨੂੰ ਦੇਖ ਕੇ ਉਹ ਮੁਸਕਾਉਣ ਲੱਗੀ।
ਮੇਰੀ ਵੀ ਪਛਾਣ ’ਚ ਥੋੜੀ ਥੋੜੀ ਆਉਣ ਲੱਗੀ।

ਅਚਾਨਕ ਯਾਦ ਆਇਆ ਅਰੇ ਇਹ ਤੇ ਸਾਡੀ ਪੰਜਾਬੀ ਹੈ।
ਦੇਖ ਕੇ ਹੈਰਾਨੀ ਹੋਈ ਕਿ ਇਹਦੇ ਵਿਚ ਜਾਨ ਅਜੇ ਬਾਕੀ ਹੈ।

ਮੇਰੇ ਪਛਾਣਦਿਆਂ ਹੀ ਉਹ ਆਪਬੀਤੀ ਸੁਣਾਉਣ ਲੱਗੀ।
ਮੈਨੂੰ ਵੀ ਉਸਦੇ ਉੱਤੇ ਹਮਦਰਦੀ ਆਉਣ ਲੱਗੀ।

ਉਸਨੇ ਦਸਿਆ ਕਿ ਕਿਵੇਂ ਆਪਣੇ ਹੀ ਚਲੇ ਗਏ ਉਸਨੂੰ ਛਡ ਕੇ।
ਤੇ ਉਹ ਬੈਠੀ ਰਹੀ ਅੱਖਾਂ ਵਿੱਚ ਹੰਝੂ ਭਰ ਕੇ।

ਉਸਨੇ ਕਿਹਾ, ਅੰਗਰੇਜ਼ੀ ਦਾ ਹੈ ਬੋਲਬਾਲਾ, ਹਿੰਦੀ ਵੀ ਹੈ ਛਾਈ।
ਆਪਣੇ ਵਿਰਸੇ ਦੀ ਧਰਤੀ ਤੇ ਹੋ ਗਈ ਮੈਂ ਪਰਾਈ।

ਕਿੱਥੇ ਗਈ ਓਹ ਪੰਜਾਬੀ ਜੋ ਸੀ ਸਿਰ ਦਾ ਤਾਜ।
ਅੱਜ ਮੈਂ ਬੈਠੀ ਰੋ ਰਹੀ, ਨਹੀਂ ਸੁਣਦਾ ਕੋਈ ਆਵਾਜ਼।

ਵਿਦੇਸ਼ਾਂ ਨੂੰ ਭਜੇ ਨੇ ਪੁੱਤਰ, ਮਾਂ ਬੋਲੀ ਨੂੰ ਭੁਲਾ ਕੇ।
ਅੰਗਰੇਜ਼ੀ ਦੇ ਪਿੱਛੇ ਲੱਗੇ, ਪੰਜਾਬੀ ਨੂੰ ਰੁਲਾ ਕੇ।

ਸਕੂਲਾਂ ਵਿੱਚ ਵੀ ਅੱਜ, ਨਾ ਕੋਈ ਪਿਆਰ ਤੇ ਮਾਨ।
ਕਿਤਾਬਾਂ ਵੀ ਚੁੱਪ ਨੇ ਪਈਆਂ, ਕੌਣ ਲਏਗਾ ਇਹਨਾਂ ਵਿਚੋਂ ਗਿਆਨ।

ਗਲਾਂ ਬਾਤਾਂ ਵਿਚੋਂ ਹਨ ਗਾਇਬ, ਪੰਜਾਬੀ ਸ਼ਬਦ ਤੇ ਅਲਫ਼ਾਜ਼।
ਭੁੱਲ ਗਈ ਹੈ ਇਸਦੀ ਵਿਰਾਸਤ, ਦਫ਼ਨ ਨੇ ਇਸਦੇ ਰਾਜ਼।

ਵਿਰਸਾ ਵੀ ਹੈ ਭੁੱਲਦਾ ਜਾਂਦਾ, ਭੁੱਲ ਗਈ ਪੁਰਾਣੀ ਪੀੜ੍ਹੀ।
ਨਵੀਆਂ ਪੀੜੀਆਂ ਨੂੰ ਕੌਣ ਦੱਸੇਗਾ, ਊੜਾ, ਐੜਾ ਤੇ ਈੜੀ।

ਹਾਲਾਤ ਐਦਾਂ ਹੀ ਰਹੇ ਤੇ,ਰਹਿ ਜਾਏਗੀ ਇਕ ਯਾਦ।
ਆਉਣ ਵਾਲੀ ਪਨ੍ਹੀਰੀ ਨੂੰ ਕੌਣ ਸੁਣਾਏਗਾ ਪੰਜਾਬੀ ਆਵਾਜ਼।

ਸਰਕਾਰਾਂ ਵੀ ਬੇਧਿਆਨ ਨੇ, ਕੋਈ ਨਾ ਕਰਦਾ ਉਪਰਾਲਾ।
ਮੇਰਾ ਵਜ਼ੂਦ ਤੇ ਮਿਟ ਜਾਏਗਾ, ਕੌਣ ਬਣੇਗਾ ਰਖਵਾਲਾ।

ਮਾਂ ਬੋਲੀ ਹੀ , ਸਾਡੇ ਵਿਰਸੇ ਦਾ ਹੈ ਸਰੂਰ।
ਪਰ ਜੇ ਆਪਣੇ ਹੀ ਨਾ ਪੁੱਛਣ, ਤਾਂ ਕਿਸਦਾ ਹੈ ਕਸੂਰ?

ਗੁਰੂਆਂ ਦੀ ਹੈ ਇਹ ਬੋਲੀ, ਮਿੱਠੀ ਤੇ ਖੁਸ਼ਹਾਲੀ।
ਓ ਪੰਜਾਬੀਓ! ਜਾਗ ਜਾਓ, ਕਰੋ ਇਸ ਦੀ ਰਖਵਾਲੀ।

◆◆◆◆◆

# Rising Online Gaming Trend Among Children Alarming, ‘Korean Games’ Under Scrutiny



With a sharp rise in online gaming addiction and tragic incidents involving teenagers, the term “Korean games” has come under public and official scrutiny. The recent tragedy involving two sisters in Ghaziabad has once again drawn attention to the kinds of games children are playing online. These games, often inspired by K-pop culture, involve players interacting with fictional characters through AI-based chats. Experts warn that some of these games can psychologically manipulate users, asking them to complete strange tasks late at night to prove loyalty or maintain virtual relationships.

Mental health professionals caution that such games blur the line between reality and fantasy, especially for adolescents. This can lead to sleep deprivation, academic decline, social withdrawal and emotional dependency, making online gaming a growing concern for parents and educators.


## SIKH MATRIMONIALS

Match required for sikh boy age 29, Aeronautical engineer in Canada,working with a reputed airline. Annual package 100,000 CAD. Height 5’8 inches. Canada PR. Own house. Contact 91 9971863565

Professionally and well settled Gursikh match from America or Canada for 91 born 5-5” girl working on H-1B Visa in America, +91 8750 888 333

Sikh boy wanted for UK based girl, 25 years old, 5 feet 3 inches., working as Psychologist in UK .On work permit.. Did masters in clinical Psychology from UK. Contact Whatsapp no. 9971863565


ਪੰਨਾ 3 ’ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. C 3. C


Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)




email: canadasikhtimes@gmail.com, M: +1 437 673 7555